**ਪੰਜਾਬ ਸਕੂਲ ਸਿੱਖਿਆ ਬੋਰਡ**

ਪਬਲਿਕ ਨੋਟਿਸ

ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੈਬ.ਅਟੈਡੰਟ ਦੀਆਂ 31ਅਸਾਮੀਆਂ ਭਰਨ ਲਈ ਮਿਤੀ: 09.05.2011 ਤੱਕ ਅਰਜੀਆਂ ਮੰਗੀਆਂ ਗਈਆਂ ਸਨ। ਇਸ ਸਬੰਧੀ ਪ੍ਰਾਪਤ ਹੋਈਆਂ ਅਰਜੀਆਂ ਵਿੱਚੋਂ ਯੋਗ ਉਮੀਦਵਾਰਾਂ ਦਾ ਲਿਖਤੀ ਟੈਸਟ ਮਿਤੀ 28.9.2011 ਨੂੰ ਸਵੇਰੇ 11.00 ਤੋਂ 12.00 ਵਜੇ ਤੱਕ ਬਠਿੰਡਾ, ਜਲੰਧਰ ਅਤੇ ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਸਥਾਪਤ ਪ੍ਰੀਖਿਆ ਕੇਂਦਰਾਂ ਵਿਖੇ ਲਿਆ ਜਾਣਾ ਹੈ। ਯੋਗ ਉਮੀਦਵਾਰ ਆਪਣੀ ਰੋਲ ਨੰਬਰ ਸਲਿਪ, ਜਿਸ ਵਿੱਚ ਉਮੀਦਵਾਰ ਦੇ ਵੇਰਵੇ ਅਤੇ ਪ੍ਰੀਖਿਆ ਕੇਂਦਰ ਦਾ ਨਾਮ ਦਰਜ ਹੈ, ਬੋਰਡ ਦੀ ਵੈਬਸਾਈਟ www.pseb.ac.in ਤੋਂ ਡਾਊਨ ਲੋਡ ਕਰਕੇ ਉਸ ਉਪਰ ਆਪਣੀ ਤਾਜਾ ਤਸਦੀਕ ਸੁਦਾ ਫੋਟੋ ਚਿਪਕਾ ਕੇ ਪ੍ਰੀਖਿਆ ਸੁਰੁ ਹੋਣ ਤੋਂ ਇੱਕ ਘੰਟਾ ਪਹਿਲਾਂ ਕੇਂਦਰ ਤੇ ਹਾਜਰ ਹੋਣ। ਉਮੀਦਵਾਰ ਆਪਣੀ ਸ਼ਨਾਖਤ ਲਈ ਆਪਣਾ ਪਾਸਪੋਰਟ, ਵੋਟਰ ਕਾਰਡ, ਰਾਸ਼ਨ ਕਾਰਡ, ਡਰਾਈਵਿੰਗ ਲਾਇਸੈਂਸ ਜਾਂ ਕਿਸੇ ਸਰਕਾਰੀ/ਅਰਧ-ਸਰਕਾਰੀ ਸੰਸਥਾ ਤੋਂ ਜਾਰੀ ਸ਼ਨਾਖਤੀ ਕਾਰਡ ਵਿੱਚੋਂ ਕੋਈ ਇੱਕ ਸਬੂਤ ਨਾਲ ਲੈ ਕੇ ਆਉਣ। ਅਯੋਗ ਉਮੀਦਵਾਰ ਜੇਕਰ ਆਪਣੀ ਯੋਗਤਾ ਦਾ ਸਬੂਤ ਪੇਸ਼ ਕਰਦੇ ਹਨ ਜਾਂ ਕਿਸੇ ਉਮੀਦਵਾਰ ਦੀ ਤਰੁੱਟੀ ਹੈ ਤਾਂ ਉਹ ਤਰੁੱਟੀ ਦੂਰ ਕਰਕੇ ਆਪਣੀ ਰੋਲ ਨੰਬਰ ਸਲਿਪ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8 ਐਸ.ਏ.ਐਸ.ਨਗਰ (ਮੋਹਾਲੀ) ਤੋਂ ਮਿਤੀ 23-09-2011, 24-09-2011 ਅਤੇ 25-09-2011 ਨੂੰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਪ੍ਰਾਪਤ ਕਰ ਸਕਦੇ ਹਨ । ਮੁਕੰਮਲ ਰੋਲ ਨੰਬਰ ਤੋਂ ਬਿਨ੍ਹਾਂ ਕਿਸੇ ਉਮੀਦਵਾਰ ਨੂੰ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਯੋਗ ਅਤੇ ਅਯੋਗ ਉਮੀਦਵਾਰਾਂ ਦੀ ਸੂਚੀ ਬੋਰਡ ਦੀ ਵੈਬਸਾਈਟ ਤੇ ਉਪਲਬਧ ਹੈ।

**ਸੰਪਰਕ ਲਈ ਟੈਲੀਫੋਨ ਨੰਬਰ :**
**0172-3047135,136,137**

ਸਕੱਤਰ